# ਇਕਾਂਗੀ - ਬੰਬ ਕੇਸ

## ਇਕਾਂਗੀਕਾਰ - ਬਲਵੰਤ ਗਾਰਗੀ

## ਵਾਰਤਾਲਾਪ ਅਧਾਰਿਤ ਪ੍ਰਸ਼ਨ

**1. "ਹਜ਼ੂਰ ਕੀ ਪੁੱਛਦੇ ਓ, ਦਿਨ ਦਿਹਾੜੇ ਡਾਕੇ ਵੱਜਦੇ ਨੇ ਪਰ ਜੇ ਥੋਡੀਆਂ ਗਸ਼ਤਾਂ ਏਕਰ ਈ ਜਾਰੀ ਰਹੀਆਂ ਤਾਂ, ਸਭਨਾਂ ਨੇ ਸੁੱਸਰੀ ਵਾਂਗ ਸੌਂ ਜਾਣੈ। ਕਿਸੇ ਨੇ ਹੂ ਨਹੀਂ ਕਰਨੀ।"**

ਪ੍ਰਸ਼ਨ - 1. ਇਹ ਸ਼ਬਦ ਕਿਸ ਇਕਾਂਗੀ ਵਿੱਚੋਂ ਹਨ ?

2. ਇਸ ਇਕਾਂਗੀ ਦਾ ਲੇਖਕ ਕੌਣ ਹੈ ?

3. ਇਹ ਸ਼ਬਦ ਕਿਸ ਨੇ ਕਿਸ ਨੂੰ ਕਹੇ ?

4. ਇਨ੍ਹਾਂ ਸ਼ਬਦਾਂ ਦੀ ਸੁਰ ਕਿਹੋ ਜਿਹੀ ਹੈ ?

**ਉੱਤਰ -** 1. ਬੰਬ ਕੇਸ ।

2. ਬਲਵੰਤ ਗਾਰਗੀ।

3. ਇਹ ਸ਼ਬਦ ਸਿਪਾਹੀ ਨੇ ਨਵੇਂ ਆਏ ਥਾਣੇਦਾਰ ਨੂੰ ਕਹੇ।

4. ਇਨ੍ਹਾਂ ਸ਼ਬਦਾਂ ਦੀ ਸੁਰ ਖੁਸ਼ਾਮਦ ਭਰੀ ਹੈ ।

**2. "ਜੀ ਚੋਰ ਨਾਲੋਂ ਚੋਰ ਦੀ ਮਾਂ ਚਤੁਰ ਹੁੰਦੀ ਏ । ਕੁਝ ਨਹੀਂ ਦੱਸਣਾ ਏਸ।"**

**ਪ੍ਰਸ਼ਨ -** 1. ਇਹ ਸ਼ਬਦ ਕਿਹੜੇ ਇਕਾਂਗੀ ਵਿੱਚੋਂ ਅਤੇ ਕਿਸ ਦੀ ਰਚਨਾ ਹਨ ?

2. ਇਹ ਸ਼ਬਦ ਕਿਸ ਨੇ ਕਿਸ ਨੂੰ ਕਹੇ ?

3. ਚੋਰ ਦੀ ਮਾਂ ਕਿਸ ਨੂੰ ਕਿਹਾ ਗਿਆ ਹੈ ?

4. ਚੋਰ ਦੀ ਮਾਂ ਕਿਹੋ ਜਿਹੀ ਹੁੰਦੀ ਹੈ ?

**ਉੱਤਰ -** 1. ਇਕਾਂਗੀ ਬੰਬ ਕੇਸ ਅਤੇ ਇਕਾਂਗੀਕਾਰ ਬਲਵੰਤ ਗਾਰਗੀ ।

2. ਇਹ ਸ਼ਬਦ ਸਿਪਾਹੀ ਨੇ ਥਾਣੇਦਾਰ ਨੂੰ ਕਹੇ।

3. ਵੀਰਾਂਵਾਲੀ ਨੂੰ ।

4. ਚੋਰ ਦੀ ਮਾਂ ਬਹੁਤ ਚੁਸਤ-ਚਲਾਕ ਹੁੰਦੀ ਹੈ।

**3. "ਲਿਆ ਓਏ ਨੱਥਾ ਸਿਹਾਂ ਹੱਥਕੜੀਆਂ। ਇਹ ਬੰਬ ਬਣਾਂਦਾ ਏ। ਇਸਦਾ ਖਿਆਲ ਏ ਕਿ ਅਸੀਂ ਇਸ ਦੀਆਂ ਗੱਲਾਂ ਨੂੰ ਮਖੌਲ 'ਚ ਟਾਲ ਦੇਵਾਂਗੇ, ਪਰ ਮੈਂ ਸਾਰੀਆਂ ਗੱਲਾਂ ਜਾਣਦਾ ਹਾਂ। ਲਿਆ ਹੱਥਕੜੀਆਂ।"**

**ਪ੍ਰਸ਼ਨ -** 1. ਇਹ ਸ਼ਬਦ ਕਿਹੜੇ ਇਕਾਂਗੀ ਵਿੱਚੋਂ ਹਨ ?

2. ਇਹ ਇਕਾਂਗੀ ਕਿਸ ਦੀ ਰਚਨਾ ਹੈ ?

3. ਇਹ ਸ਼ਬਦ ਕਿਸ ਨੇ ਕਿਸ ਨੂੰ ਕਹੇ ?

4. ਥਾਣੇਦਾਰ ਕਿਸ ਨੂੰ ਹੱਥਕੜੀਆਂ ਲਾਉਣੀਆਂ ਚਾਹੁੰਦਾ ਹੈ ?

**ਉੱਤਰ -** 1. ਬੰਬ ਕੇਸ ।

2. ਬਲਵੰਤ ਗਾਰਗੀ ।

3. ਇਹ ਸ਼ਬਦ ਥਾਣੇਦਾਰ ਨੇ ਸਿਪਾਹੀ ਨੂੰ ਉਹ ਕਹੇ ।

4. ਵਜ਼ੀਰੇ ਨੂੰ ।

**4. "ਬੜੀ ਖ਼ਚਰੀ ਏਂ ਬੁੱਢੀਏ। ਲੈ ਹੁਣ ਸਫ਼ੈਦ ਪੋਸ਼ਾਂ, ਸਰਕਾਰੀ ਅਫ਼ਸਰਾਂ ਤੇ ਸਰਦਾਰਾਂ ਨੂੰ ਵੀ ਵਿੱਚ ਲੈਣ ਲੱਗੀ ਏਂ।"**

**ਪ੍ਰਸ਼ਨ -** 1. ਇਹ ਸ਼ਬਦ ਕਿਹੜੇ ਇਕਾਂਗੀ ਵਿੱਚੋਂ ਹਨ ?

2. ਇਹ ਇਕਾਂਗੀ ਕਿਸ ਦੀ ਰਚਨਾ ਹੈ ?

3. ਇਹ ਸ਼ਬਦ ਕਿਸ ਨੇ ਕਿਸ ਨੂੰ ਕਹੇ ?

4. ਖਚਰੀ ਬੁੱਢੀ ਕਿਸ ਨੂੰ ਕਿਹਾ ਗਿਆ ਹੈ ?

**ਉੱਤਰ -** 1. ਬੰਬ ਕੇਸ ।

2. ਬਲਵੰਤ ਗਾਰਗੀ ।

3. ਇਹ ਸ਼ਬਦ ਥਾਣੇਦਾਰ ਨੇ ਵੀਰਾਂਵਾਲੀ ਨੂੰ ਕਹੇ ।

4. ਖੱਚਰੀ ਬੁੱਢੀ ਵੀਰਾਂ ਵਾਲੀ ਨੂੰ ਕਿਹਾ ਗਿਆ ਹੈ ।

**5. "ਆਹੋ ਹਜ਼ੂਰ, ਮੈਂ ਤੁਹਾਨੂੰ ਕਦ ਇਨਕਾਰੀ ਕੀਤੀ ਏ? ਜੇ ਤੁਹਾਡੇ ਟਾਂਗੇ ਦੇ ਬੰਬ ਟੁੱਟੇ ਹੋਏ ਹਨ, ਤਾਂ ਬਣਾ ਦੇਵਾਂਗਾ। ਹਜੂਰ ਛੇਤੀ ਤਿਆਰ ਕਰ ਦੇਵਾਂਗਾ।"**

**ਪ੍ਰਸ਼ਨ -** 1. ਇਹ ਸ਼ਬਦ ਕਿਹੜੇ ਇਕਾਂਗੀ ਵਿੱਚੋਂ ਹਨ ?

2. ਇਹ ਇਕਾਂਗੀ ਕਿਸ ਦੀ ਰਚਨਾ ਹੈ ?

3. ਇਹ ਸ਼ਬਦ ਕਿਸ ਨੇ ਕਿਸ ਨੂੰ ਕਹੇ ?

4. ਵਜੀਰਾ ਕਿਹੜੇ ਬੰਬ ਬਣਾਉਂਦਾ ਸੀ ?

**ਉੱਤਰ -** 1. ਬੰਬ ਕੇਸ ।

2. ਬਲਵੰਤ ਗਾਰਗੀ ।

3. ਇਹ ਵਾਰਤਾਲਾਪ ਵਜ਼ੀਰੇ ਨੇ ਥਾਣੇਦਾਰ ਨੂੰ ਕਹੇ ।

4. ਵਜੀਰਾ ਟਾਂਗਿਆਂ ਦੇ ਬੰਬ ਬਣਾਉਂਦਾ ਸੀ ।

**6. "ਸਗੋਂ ਘੁੱਗੂ ਬਣਿਆ ਖੜ੍ਹਾ ਏਂ। ਜੀਭ ਤਾਲੂ ਨਾਲ ਲੱਗ ਗਈ। ਗੱਲਾਂ ਮਾਰਦਾ ਸੀ ਚਪੜ-ਚਪੜ। ਸਾਨੂੰ ਧੋਖਾ ਦੇਣ ਲਈ ਆਖਦਾ ਏ ਟਾਂਗੇ ਦੇ ਬੰਬ। ਓਥੇ ਜਾ ਕੇ ਪੁੱਛਾਂਗੇ ਕਿਹੜੇ ਬੰਬ ਬਣਾਂਦਾ ਏਂ ਤੂੰ। ਚੱਲ।"**

**ਪ੍ਰਸ਼ਨ -** 1. ਇਹ ਸ਼ਬਦ ਕਿਹੜੇ ਇਕਾਂਗੀ ਵਿੱਚੋਂ ਹਨ ?

2. ਇਹ ਇਕਾਂਗੀ ਕਿਸ ਦੀ ਰਚਨਾ ਹੈ ?

3. ਇਹ ਸ਼ਬਦ ਕਿਸ ਨੇ ਕਿਸ ਨੂੰ ਕਹੇ ?

4. ਘੁੱਗੂ ਬਣਿਆ ਕੌਣ ਖੜ੍ਹਾ ਸੀ ?

**ਉੱਤਰ -** 1. ਬੰਬ ਕੇਸ ।

2. ਬਲਵੰਤ ਗਾਰਗੀ ।

3. ਇਹ ਸ਼ਬਦ ਥਾਣੇਦਾਰ ਨੇ ਇਕਾਂਗੀ ਦੇ ਅੰਤ ਵਿੱਚ ਵਜ਼ੀਰੇ ਨੂੰ ਕਹੇ ।

4. ਵਜੀਰਾ ।

ਤਿਆਰ ਕਰਤਾ – ਗੁਰਦੀਪ ਸਿੰਘ,ਪੰਜਾਬੀ ਮਾਸਟਰ
ਸਰਕਾਰੀ ਸੀਨੀ.ਸੈਕੰ.ਸਕੂਲ ਕੋਟਲੀ ਅਬਲੂ,
ਸ਼੍ਰੀ ਮੁਕਤਸਰ ਸਾਹਿਬ, ਮੋ 9193700037